# ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮਿਟਿਡ

## ਚੰਡੀਗੜ੍ਹ

### ਸਰਕੂਲਰ

ਇਸ ਸਬੰਧ ਵਿਚ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਨਿਗਮ ਦੀ ਈ.ਪੀ.ਐਫ. ਸ਼ਾਖਾ ਵੱਲੋਂ ਸਰਕੂਲਰ ਨੰ: PSIEC/PER/28022-26 ਮਿਤੀ 06.12.2021 ਰਾਹੀਂ ਅਧਿਕਾਰੀਆਂ/ਕਰਮਚਾਰੀਆਂ ਨੂੰ ਆਰ.ਪੀ.ਐਫ.ਸੀ. ਦੀ ਵੈਬਸਾਈਟ http://unifiedportal-mem.epfindia.gov.in ਤੇ ਜਾ ਕੇ ਆਪਣੇ ਆਧਾਰ ਕਾਰਡ ਨੂੰ UAN ਨਾਲ ਲਿੰਕ ਅਤੇ UAN ਵਿੱਚ ਦਰਜ ਨਿੱਜੀ ਵੇਰਵੇ ਵਿੱਚ (through KYC) ਸੋਧ ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ ਗਏ ਸਨ। ਇਸ ਦੇ ਨਾਲ ਹੀ ਨਿਗਮ ਦੇ ਸਾਰੇ ਅਧਿਕਾਰੀਆਂ/ਕਰਮਚਾਰੀਆਂ ਨੂੰ ਇਹ ਸਲਾਹ ਦਿੱਤੀ ਗਈ ਸੀ ਕਿ ਉਹ ਵੈਬ-ਸਾਈਟ ਤੇ ਜਾ ਕੇ ਆਪਣੇ ਕੇ.ਵਾਈ.ਸੀ. ਤੋ ਸੰਬੰਧਿਤ ਨਿੱਜੀ ਵੇਰਵੇ ਚੈੱਕ ਕਰਨ ਤੋਂ ਬਾਅਦ ਆਪਣੇ ਅਕਾਊਂਟ ਦੀ ਦਰੁੱਸਤਾ ਬਾਰੇ ਸਰਟੀਫਿਕੇਟ ਦੇਣ ਕਿ ਈ.ਪੀ.ਐਫ. ਵਿੱਚ ਦਰਜ ਸਾਰੇ ਵੇਰਵੇ ਸਹੀ ਹਨ? ਪਰ ਇਹ ਦੇਖਣ ਵੱਚ ਆਇਆ ਹੈ ਕਿ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਈ.ਪੀ.ਐਫ. ਵਿੱਚ ਦਰਜ ਨਿੱਜੀ ਵੇਰਵੇ ਸਮੇ-ਸਮੇ ਤੇ ਚੈੱਕ ਨਹੀਂ ਕੀਤੇ ਜਾ ਰਹੇ ਅਤੇ ਨਾ ਹੀ ਅਕਾਊਂਟ ਦੀ ਦਰੁੱਸਤਾ ਬਾਰੇ ਸਰਟੀਫਿਕੇਟ ਦਿੱਤੇ ਜਾ ਰਹੇ ਹਨ।

ਇਸ ਨਿਗਮ ਦੇ ਮੁੱਖ ਦਫਤਰ ਦੇ ਬਾਕੀ ਰਹਿੰਦੇ (126) ਮੈਂਬਰਾਂ ਨੂੰ ਈ.ਪੀ.ਐਫ. ਸ਼ਾਖਾ, PSIEC ਦਾ ਦੌਰਾ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਮਿਤੀ 21.01.2022 ਤੱਕ ਈ.ਪੀ.ਐਫ. ਸ਼ਾਖਾ, ਮੁੱਖ ਦਫਤਰ ਵਿੱਚ ਆਪਣੇ ਆਧਾਰ ਕਾਰਡ ਪੈਨ ਕਾਰਡ, ਬੈੱਕ ਅਕਾਊਂਟ ਅਤੇ registered ਮੋਬਾਈਲ ਨੰਬਰ ਲੈਕੇ ਪਹੁੰਚਣ, ਅਤੇ ਸਾਰੇ ਮੈਂਬਰ ਆਪਣੇ-ਆਪਣੇ ਮੈਂਬਰ ਪੋਰਟਲ ਵਿੱਚ ਲੋਗ-ਇੰਨ ਕਰਨ ਅਤੇ ਇਹ ਤਸਦੀਕ ਕਰਨ ਕਿ EPFO ਨਾਲ ਉਹਨਾਂ ਦੇ ਰਜਿਸਟਰਡ ਦਸਤਾਵੇਜ਼ ਸਹੀ ਹਨ ਜਾਂ ਨਹੀਂ।

ਇਥੇ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸ ਅਧਿਕਾਰੀ/ਕਰਮਚਾਰੀ ਦੇ ਈ.ਪੀ.ਐਫ. ਖਾਤੇ ਵਿੱਚ ਕੋਈ ਸੋਧ ਲੋੜੀਂਦੀ ਹੈ ਤਾਂ ਇਸ ਸੰਬੰਧ ਵਿੱਚ ਆਪਣਾ ਬੇਨਤੀ ਪੱਤਰ ਇਸ ਦਫਤਰ ਵਿਚ ਜਮ੍ਹਾਂ ਕਰਵਾਉਣ ਤਾਂ ਜੋ ਲੋੜੀਂਦੀ ਸੋਧ ਲਈ ਅਗੇ RPFC ਨੂੰ ਭੇਜਿਆ ਜਾ ਸਕੇ। ਨਾਲ ਹੀ ਨਿਗਮ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕੀ ਜੇਕਰ ਸਮੇਂ ਸਿਰ ਉਨ੍ਹਾਂ ਦੀ ਮੁਕੰਮਲ KYC ਦੀ ਡਿਟੇਲ ਆਰ.ਪੀ.ਐਫ.ਸੀ ਦੇ ਦਫਤਰ ਨਹੀਂ ਪਹੁੰਚਦੀ ਤਾਂ ਇਸ ਦੇ ਜਿੰਮੇਵਾਰ ਉਹ ਖੁਦ ਹੋਣਗੇ ਜੀ।

ਪ੍ਰਬੰਧਕ (ਈ.ਪੀ.ਐਫ.) 14-1-22

**Endst. No. PSIEC/EPF/** 31114-18 **Dated:** 14/1/2022

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ:-

1. **ਸਮੂਹ ਫੰਕਸ਼ਨਲ ਮੁੱਖੀ**
2. **ਸਮੂਹ ਉਪ ਮੰਡਲ ਇੰਜੀਨੀਅਰ (ਸਿਵਲ /ਇਲੈਕਟ੍ਰੀਕਲ / ਹੌਰਟੀਕਲਚਰ)**
3. **ਸਮੂਹ ਪ੍ਰਬੰਧਕ , ਉਪ ਪ੍ਰਬੰਧਕ, ਮੁੱਖ ਦਫਤਰ ਅਤੇ ਫੀਲਡ ਅਫਸਰ , ਇੰਜ. ਵਿੰਗ।**
4. **ਸਮੂਹ (ਪ੍ਰਬੰਧਕ / ਇੰਚਾਰਜ) ਡਿਪੂ ਅਤੇ ਇੰਪੋਰੀਆ**
5. **ਨੋਟਿਸ ਬੋਰਡ**